Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤਵੱਕੁਲ ਅਲੱਲਾਹ ਦੇ ਹਵਾਲੇ ਨਾਲ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸੀਰਤ ਦਾ ਈਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 11 ਸਿਤੰਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੇ **ਤਵੱਕੁਲ ਅਲੱਲਾਹ** (ਅੱਲਾਹ ਤਆਲਾ 'ਤੇ ਵਿਸ਼ਵਾਸ) ਦੇ ਹਵਾਲੇ ਨਾਲ ਪਿਛਲੇ ਜੁਮਏ ਬਿਆਨ ਕੀਤਾ ਸੀ। ਅੱਜ ਵੀ ਇਹੀ ਵਿਸ਼ਾ ਹੈ।

ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਆਪਣੇ ਲਈ ਵਿਸ਼ਵਾਸ ਦੇ ਹਵਾਲੇ ਨਾਲ ਕਿਸ ਤਰ੍ਹਾਂ ਦੁਆ ਮੰਗਿਆ ਕਰਦੇ ਸਨ, ਇਸ ਬਾਰੇ ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਜਾਬਿਰ ਬਿਨ ਅਬਦੁੱਲਾਹ ਰਜ਼ਿਯੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਜਦ ਆਪ ﷺ ਰੁਕੂਅ ਵਿੱਚ ਜਾਂਦੇ ਤਾਂ ਇਹ ਦੁਆ ਕਰਦੇ ਸਨ। ਐ ਅੱਲਾਹ! ਮੈਂ ਤੇਰੇ ਲਈ **ਰੁਕੂਅ** ਕੀਤਾ ਅਤੇ ਤੇਰੇ 'ਤੇ **ਇਮਾਨ** ਲਿਆਇਆ ਅਤੇ ਮੈਂ ਆਪਣੇ ਆਪ ਨੂੰ ਤੇਰੇ **ਸਪੁਰਦ** ਕੀਤਾ ਅਤੇ ਤੇਰੇ 'ਤੇ **ਵਿਸ਼ਵਾਸ** ਕੀਤਾ। ਤੂੰ ਹੀ ਮੇਰਾ ਰੱਬ ਹੈਂ। ਮੇਰਾ **ਸੁਣਨਾ** ਅਤੇ **ਦੇਖਣਾ** ਅਤੇ **ਲਹੂ** ਅਤੇ **ਮਾਸ** ਅਤੇ **ਹੱਡੀਆਂ** ਅਤੇ **ਅੰਗ** ਅੱਲਾਹ ਤਆਲਾ ਦੇ ਲਈ ਝੁਕ ਗਏ ਹਨ ਜਿਹੜਾ ਤਮਾਮ ਜਹਾਨਾਂ ਦਾ ਰੱਬ (ਪਾਲਣਹਾਰ) ਹੈ।

ਇੱਕ ਰਿਵਾਇਤ ਵਿੱਚ ਹਜ਼ਰਤ ਅਬੂ ਹੁਰੈਰਾ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਨਬੀ ਕਰੀਮ ﷺ ਨੇ ਫ਼ਰਮਾਇਆ: ਜਦ ਕਦੀ ਮੈਨੂੰ ਕੋਈ ਪਰੇਸ਼ਾਨੀ ਹੁੰਦੀ ਹੈ ਤਾਂ ਜਿਬਰਾਈਲ عليه السلام ਮੇਰੇ ਸਾਹਮਣੇ ਜ਼ਾਹਿਰ ਹੁੰਦਾ ਹੈ ਅਤੇ ਕਹਿੰਦਾ ਹੈ: ਐ ਮੁਹੰਮਦ! ਆਪ ﷺ ਕਹੋ: ਮੈਂ ਉਸ ਜਿਉਂਦੀ ਹਸਤੀ 'ਤੇ **ਵਿਸ਼ਵਾਸ** ਕੀਤਾ ਜੋ ਕਦੀ ਨਹੀਂ ਮਰੇਗੀ। ਤਮਾਮ ਤਾਰੀਫ਼ਾਂ ਅੱਲਾਹ ਹੀ ਦੇ ਲਈ ਹਨ ਜਿਸ ਨੇ ਕਦੀ ਕੋਈ **ਬੇਟਾ** ਇਖ਼ਤਿਆਰ ਨਹੀਂ ਕੀਤਾ ਅਤੇ ਜਿਸ ਦੀ **ਬਾਦਸ਼ਾਹਤ** ਵਿੱਚ ਕਦੀ ਕੋਈ ਸ਼ਰੀਕ ਨਹੀਂ ਹੋਇਆ ਅਤੇ ਕਦੀ ਉਸ ਨੂੰ ਅਜਿਹੇ **ਸਾਥੀ** ਦੀ ਲੋੜ ਨਹੀਂ ਪਈ ਜਿਹੜਾ ਕਮਜ਼ੋਰੀ ਦੀ ਹਾਲਤ ਵਿੱਚ ਉਸ ਦਾ ਮਦਦਗਾਰ ਬਣੇ ਅਤੇ ਤੂੰ ਬੜੇ ਜ਼ੋਰ ਨਾਲ ਉਸ ਦੀ ਵਡਿਆਈ ਬਿਆਨ ਕਰ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਹਰ ਵੇਲੇ ਅੱਲਾਹ ਤਆਲਾ 'ਤੇ ਹੀ ਨਜ਼ਰ ਰਹਿੰਦੀ ਸੀ।

ਆਪ ﷺ ਦੀ ਇਸ ਸਿਫ਼ਤ ਦੇ ਉੱਚੇ ਮਿਆਰ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਨੇ ਇੱਕ ਤਕ਼ਰੀਰ ਵਿੱਚ ਬਿਆਨ ਕੀਤਾ ਕਿ ਨਬੀ ਕਰੀਮ ﷺ ਨੂੰ ਖ਼ੁਦਾ ਤਆਲਾ 'ਤੇ ਅਜਿਹਾ ਵਿਸ਼ਵਾਸ ਸੀ ਕਿ ਹਰ ਮੁਸੀਬਤ ਅਤੇ ਹਰ ਮੁਸ਼ਕਿਲ ਦੇ ਵੇਲੇ ਉਸੇ 'ਤੇ ਨਜ਼ਰ ਰੱਖਦੇ ਅਤੇ ਉਸ ਦੇ ਸਿਵਾਏ ਹਰ ਚੀਜ਼ ਤੋਂ ਤਵੱਜੋ ਹਟਾ ਦਿੰਦੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਪ ﷺ ਅੱਜ ਕੱਲ ਦੇ ਸੂਫ਼ੀਆਂ ਦੀ ਤਰ੍ਹਾਂ **ਸਾਧਨ** ਨੂੰ ਛੱਡਣ ਵਾਲੇ ਨਹੀਂ ਸਨ। ਸਾਧਨ ਨੂੰ ਇਸਤੇਮਾਲ ਕਰਦੇ ਸਨ ਕਿਉਂਕਿ ਸਾਧਨ ਦਾ ਛੱਡਣਾ ਗੋਇਆ ਖ਼ੁਦਾ ਤਆਲਾ ਦੀ ਮਖ਼ਲੂਕ਼ ਦੀ ਬੇ-ਅਦਬੀ ਕਰਨਾ ਅਤੇ ਉਸ ਦੀ ਪੈਦਾਇਸ਼ ਨੂੰ ਅਜਾਈਂ ਕ਼ਰਾਰ ਦੇਣਾ ਹੈ। ਪਰ ਸਾਧਨ ਦੇ ਮੁਹੱਈਆ ਕਰਨ ਦੇ ਬਾਅਦ

ਆਪ ﷺ ਪੂਰੇ ਤੌਰ ‘ਤੇ ਖ਼ੁਦਾ ਤਆਲਾ ‘ਤੇ ਹੀ ਵਿਸ਼ਵਾਸ ਕਰਦੇ ਅਤੇ ਭਾਵੇਂ ਸਾਧਨ ਮੁਹੱਈਆ ਕਰਦੇ ਪਰ ਉਨ੍ਹਾਂ ‘ਤੇ ਭਰੋਸਾ ਅਤੇ ਵਿਸ਼ਵਾਸ ਕਦੀ ਨਹੀਂ ਕਰਦੇ ਸਨ ਅਤੇ ਸਿਰਫ਼ ਖ਼ੁਦਾ ਦੇ **ਫ਼ਜ਼ਲ** ਦੇ ਉਮੀਦਵਾਰ ਰਹਿੰਦੇ ਸਨ।

ਹਜ਼ਰਤ ਇਬਨਿ ਅੱਬਾਸ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਪ ﷺ ਹਰ ਇੱਕ ਘਬਰਾਹਟ ਦੇ ਵੇਲੇ ਫ਼ਰਮਾਉਂਦੇ:

لَآ إِلٰهَ إِلَّا هُوَ رَبُّ الْعَرْشِ الْعَظِيْمِ ۞ لَآ إِلٰهَ إِلَّا هُوَ رَبُّ السَّمٰوٰتِ وَرَبُّ الْأَرْضِ وَرَبُّ الْعَرْشِ الْكَرِيْمِ ۞

“ਕੋਈ ਪੂਜਣ ਯੋਗ ਨਹੀਂ ਸਿਵਾਏ ਅੱਲਾਹ ਦੇ, ਉਹ ਰੱਬ ਹੈ ਵੱਡੀ ਹਕੂਮਤ ਵਾਲੇ ਤਖ਼ਤ ਦਾ। ਅੱਲਾਹ ਦੇ ਸਿਵਾ ਕੋਈ ਪੂਜਣ ਯੋਗ ਨਹੀਂ, ਉਹ ਆਸਮਾਨਾਂ ਦਾ ਰੱਬ ਹੈ, ਉਹ ਜ਼ਮੀਨ ਦਾ ਰੱਬ ਹੈ, ਉਹ ਬਜ਼ੁਰਗ ਤਖ਼ਤ ਦਾ ਰੱਬ ਹੈ” ਯਾਨੀ ਮੇਰਾ ਭਰੋਸਾ ਅਤੇ ਵਿਸ਼ਵਾਸ ਅੱਲਾਹ ਤਆਲਾ ‘ਤੇ ਹੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਵੱਖ-ਵੱਖ ਮੌਕ਼ਿਆਂ ‘ਤੇ ਮੱਕੇ ਦੇ **ਮੁਸ਼ਰਿਕਾਂ** ਦਾ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਨੂੰ ਪੇਸ਼ਕਸ਼ ਕਰਨਾ ਯਾਨੀ ਵੱਖ-ਵੱਖ ਕ਼ਿਸਮਾਂ ਦੇ ਲਾਲਚ ਦੇਣਾ ਅਤੇ ਨਬੀ ਕਰੀਮ ﷺ ਦੇ ਅੱਲਾਹ ਤਆਲਾ ‘ਤੇ ਬੇ-ਮਿਸਾਲ ਵਿਸ਼ਵਾਸ ਕਰਦੇ ਹੋਏ ਜਵਾਬ ਦੇਣ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਨੇ ਇਨ੍ਹਾਂ ਤਾਰੀਖ਼ੀ ਵਾਕ਼ਿਆਤ ਦਾ ਨਕ਼ਸ਼ਾ ਉਲੀਕਦੇ ਹੋਏ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਨੇ ਜਦ ਅੱਲਾਹ ਤਆਲਾ ਦੀ **ਤੌਹੀਦ** ਦੇ ਬਾਰੇ ਲੋਕਾਂ ਨੂੰ ਨਸੀਹਤ ਕਰਨੀ ਸ਼ੁਰੂ ਕੀਤੀ ਅਤੇ ਸ਼ਿਰਕ ਨੂੰ ਰੱਦ ਕਰਨਾ ਸ਼ੁਰੂ ਕੀਤਾ ਤਾਂ ਮੱਕੇ ਵਾਲਿਆਂ ਨੂੰ ਇਹ ਗੱਲ ਬਹੁਤ ਨਾ-ਪਸੰਦ ਹੋਈ ਅਤੇ ਆਖ਼ਿਰ ਇੱਕ ਦਿਨ ਸਮਝੌਤਾ ਕਰਕੇ ਉਹ ਇੱਕ ਜੱਥੇ ਦੀ ਸੂਰਤ ਵਿੱਚ ਨਬੀ ਕਰੀਮ ﷺ ਦੇ ਚਾਚੇ ਅਬੂ ਤਾਲਿਬ ਦੇ ਕੋਲ ਆਏ ਅਤੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਾਡੀ ਕ਼ੌਮ ਦੇ ਸਰਦਾਰ ਹੋ, ਤੁਹਾਡਾ ਅਸੀਂ ਅਦਬ ਕਰਦੇ ਹਾਂ ਅਤੇ ਤੁਹਾਡੇ ਅਦਬ ਦੀ ਵਜ੍ਹਾ ਨਾਲ ਹੀ ਅਸੀਂ ਤੁਹਾਡੇ **ਭਤੀਜੇ** ਨੂੰ ਕੁੱਝ ਨਹੀਂ ਕਹਿੰਦੇ ਪਰ ਹੁਣ ਮਾਮਲਾ ਹੱਦੋਂ ਲੰਘ ਗਿਆ ਹੈ ਅਤੇ ਅਸੀਂ ਤੁਹਾਡੇ ਕੋਲ ਇਸ ਲਈ ਆਏ ਹਾਂ ਕਿ ਤੁਸੀਂ ਉਸ ਨਾਲ ਇਸ ਮਾਮਲੇ ਵਿੱਚ ਸਾਡੇ ਵੱਲੋਂ ਆਖ਼ਰੀ ਗੱਲ ਕਰੋ ਅਤੇ ਫਿਰ ਉਹ ਗੱਲਾਂ ਦੁਹਰਾਈਆਂ ਜਿਹੜੀਆਂ ਉਤਬਾ ਬਿਨ ਰਬੀਆ ਨੇ ਨਬੀ ਕਰੀਮ ﷺ ਨਾਲ ਵੀ ਕੀਤੀਆਂ ਸਨ। ਯਾਨੀ ਉੱਚੇ **ਘਰਾਨੇ** ਦਾ ਲਾਲਚ, ਸਭ ਤੋਂ ਜ਼ਿਆਦਾ **ਹਸੀਨ ਔਰਤ** ਦਾ ਲਾਲਚ, **ਰੁਪਏ** ਦਾ ਲਾਲਚ, **ਦੌਲਤ** ਦਾ ਲਾਲਚ, **ਹਕੂਮਤ** ਦਾ ਲਾਲਚ ਦੇ ਕੇ ਉਨ੍ਹਾਂ ਲੋਕਾਂ ਨੇ ਕਿਹਾ ਕਿ ਉਸ ਨੂੰ ਕਹੋ ਕਿ ਉਹ ਇੰਨਾ ਲਿਹਾਜ਼ ਤਾਂ ਕਰੇ ਕਿ ਸਾਡੇ ਬੁੱਤਾਂ ਨੂੰ ਬੁਰਾ ਭਲਾ ਨਾ ਕਹੇ। ਅਸੀਂ ਉਸ ਨੂੰ ਇਹ ਨਹੀਂ ਕਹਿੰਦੇ ਕਿ ਉਹ ਸਾਡੇ ਬੁੱਤਾਂ ਨੂੰ ਮੰਨ ਲਵੇ ਅਸੀਂ ਸਿਰਫ਼ ਇਹ ਕਹਿੰਦੇ ਹਾਂ ਕਿ ਸਾਡੇ ਬੁੱਤਾਂ ਨੂੰ ਬੁਰਾ ਭਲਾ ਨਾ ਕਹੇ ਅਤੇ ਜੇਕਰ ਉਹ ਇਨ੍ਹਾਂ ਗੱਲਾਂ ਵਿੱਚੋਂ ਸਾਡੀ ਇੱਕ ਗੱਲ ਵੀ ਨਾ ਮੰਨੇ ਤਾਂ ਫਿਰ ਤੁਸੀਂ ਉਸ ਦਾ ਸਾਥ ਛੱਡ ਦਿਓ, ਅਸੀਂ ਖ਼ੁਦ ਉਸ ਨਾਲ ਨਿਪਟ ਲਵਾਂਗੇ।

ਅਬੂ ਤਾਲਿਬ ਨੇ ਨਬੀ ਕਰੀਮ ﷺ ਨੂੰ ਬੁਲਵਾਇਆ ਅਤੇ ਉਨ੍ਹਾਂ ਦੀ ਪੇਸ਼ਕਸ਼ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੀ ਇਸ ਮੰਗ ਨੂੰ ਸਾਹਮਣੇ ਰੱਖਿਆ ਕਿ ਭਾਵੇਂ ਉਹ ਕੋਈ ਵੀ ਮੰਗ ਕਰੇ, ਅਸੀਂ ਉਸ ਨੂੰ ਪੂਰਾ ਕਰਨ ਦੇ ਲਈ ਤਿਆਰ ਹਾਂ। ਉਹ ਸਿਰਫ਼ ਇੰਨਾ ਕਰੇ ਕਿ ਸਾਡੇ ਬੁੱਤਾਂ ਨੂੰ ਬੁਰਾ ਭਲਾ ਨਾ ਕਹੇ। ਜਦ ਨਬੀ ਕਰੀਮ ﷺ ਨੇ ਆਪਣੇ ਚਾਚੇ ਦੀ ਇਹ ਹਾਲਤ ਦੇਖੀ ਤਾਂ ਉਨ੍ਹਾਂ ਦੇ **ਇਹਸਾਨਾਂ** ਨੂੰ ਯਾਦ ਕਰਕੇ ਆਪ ﷺ ਦੀਆਂ ਅੱਖਾਂ ਵਿੱਚ **ਅੱਥਰੂ** ਆ ਗਏ। ਆਪ ﷺ ਨੇ ਫ਼ਰਮਾਇਆ: ਚਾਚਾ! ਮੈਂ ਤਾਂ ਨਹੀਂ ਕਹਿੰਦਾ ਕਿ ਤੁਸੀਂ ਮੇਰੀ ਮਦਦ ਕਰੋ, ਤੁਸੀਂ ਬੇ-ਸ਼ੱਕ ਆਪਣੀ ਕ਼ੌਮ ਦਾ ਸਾਥ ਦਿਓ ਅਤੇ ਮੈਨੂੰ ਛੱਡ ਦਿਓ। ਬ-ਖ਼ੁਦਾ! (ਖ਼ੁਦਾ ਦੀ ਕ਼ਸਮ) ਜੇਕਰ ਇਹ ਲੋਕ **ਸੂਰਜ** ਨੂੰ ਮੇਰੇ ਸੱਜੇ ਹੱਥ ਉੱਤੇ ਅਤੇ **ਚੰਦ** ਨੂੰ ਮੇਰੇ ਖੱਬੇ ਹੱਥ ਉੱਤੇ ਵੀ ਲਿਆ ਕੇ ਰੱਖ ਦੇਣ ਤਦ ਵੀ ਮੈਂ ਖ਼ੁਦਾ ਦੇ ਜ਼ਿਕਰ ਤੋਂ ਬਾਜ਼ ਨਹੀਂ ਆਵਾਂਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਹ ਅੱਲਾਹ ਤਆਲਾ ਦੀ ਹਸਤੀ ‘ਤੇ ਯਕ਼ੀਨ ਅਤੇ ਮੁਕੰਮਲ ਵਿਸ਼ਵਾਸ ਦਾ ਉਹ ਮੁਕ਼ਾਮ ਹੈ ਜਿਹੜਾ ਕਿਤੇ ਨਜ਼ਰ ਨਹੀਂ ਆਉਂਦਾ। ਇਸ ਵਾਕੇ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਬਿਆਨ ਕਰਦੇ ਹਨ ਕਿ ਜਦ ਇਹ ਆਯਤਾਂ ਉਤਰੀਆਂ ਕਿ ਮੁਸ਼ਰਿਕ **ਨਾ-ਪਾਕ** ਹਨ ਅਤੇ **ਪਲੀਦ** ਹਨ,ਅਤੇ ਸਭ ਤੋਂ **ਗੰਦੀ ਮਖ਼ਲੂਕ਼** ਹਨ ਅਤੇ **ਬੇ-ਵਕ਼ੂਫ਼** ਹਨ ਅਤੇ ਸ਼ੈਤਾਨ ਦੀ **ਔਲਾਦ** ਹਨ ਅਤੇ ਉਨ੍ਹਾਂ ਦੇ ਮਅਬੂਦ (ਈਸ਼ਟ, ਜਿਨ੍ਹਾਂ ਦੀ ਉਹ ਪੂਜਾ ਕਰਦੇ ਹਨ) ਅੱਗ ਦਾ **ਜਲਾਵਣ** ਹਨ ਅਤੇ ਜਹੰਨਮ ਵਾਲੇ ਹਨ ਅਤੇ ਜਹੰਨਮ ਦਾ

ਜਲਾਵਣ ਹਨ ਤਾਂ ਅਬੂ ਤਾਲਿਬ ਨੇ ਨਬੀ ਕਰੀਮ ﷺ ਨੂੰ ਬੁਲਵਾ ਕੇ ਕਿਹਾ ਕਿ ਐ ਮੇਰੇ ਭਤੀਜੇ! ਹੁਣ ਤੇਰੇ ਗਾਲ੍ਹਾਂ ਦੇਣ (ਅਰਥਾਤ ਬੁਰਾ ਭਲਾ ਕਹਿਣ) ਤੋਂ ਕ਼ੌਮ ਸਖ਼ਤ ਨਰਾਜ਼ ਹੋ ਗਈ ਹੈ ਅਤੇ ਕ਼ਰੀਬ ਹੈ ਕਿ ਤੈਨੂੰ ਹਲਾਕ ਕਰ ਦੇ ਅਤੇ ਨਾਲ਼ ਹੀ ਮੈਨੂੰ ਵੀ। ਤੂੰ ਉਨ੍ਹਾਂ ਅਕ਼ਲਮੰਦਾਂ ਨੂੰ **ਬੇ-ਵਕੂਫ਼** ਕ਼ਰਾਰ ਦਿੱਤਾ ਅਤੇ ਉਨ੍ਹਾਂ ਦੇ ਬਜ਼ੁਰਗਾਂ ਨੂੰ **ਗੰਦੀ ਮਖ਼ਲੂਕ** ਕਿਹਾ ਅਤੇ ਉਨ੍ਹਾਂ ਦੇ ਕ਼ਾਬਿਲਿ ਇੱਜ਼ਤ ਮਅਬੂਦਾਂ (ਈਸ਼ਟ, ਜਿਨ੍ਹਾਂ ਦੀ ਉਹ ਪੂਜਾ ਕਰਦੇ ਹਨ) ਦਾ ਨਾਮ ਜਹੰਨਮ ਦਾ **ਜਲਾਵਣ** ਰੱਖਿਆ ਅਤੇ ਆਮ ਤੌਰ 'ਤੇ ਉਨ੍ਹਾਂ ਸਭ ਨੂੰ **ਗੰਦਗੀ** ਅਤੇ ਸ਼ੈਤਾਨ ਦੀ ਔਲਾਦ ਅਤੇ **ਪਲੀਦ** ਠਹਿਰਾਇਆ। ਮੈਂ ਤੈਨੂੰ ਖ਼ੈਰ-ਖ਼ਾਹੀ ਨਾਲ਼ ਕਹਿੰਦਾ ਹਾਂ ਕਿ ਆਪਣੀ ਜ਼ੁਬਾਨ ਨੂੰ ਥੰਮ ਅਤੇ ਗਾਲ੍ਹਾਂ ਦੇਣ (ਅਰਥਾਤ ਬੁਰਾ ਭਲਾ ਕਹਿਣ) ਤੋਂ ਬਾਜ਼ ਆ ਜਾ ਨਹੀਂ ਤਾਂ ਮੈਂ ਕ਼ੌਮ ਦੇ ਮੁਕ਼ਾਬਲੇ ਦੀ ਤਾਕ਼ਤ ਨਹੀਂ ਰੱਖਦਾ। ਨਬੀ ਕਰੀਮ ﷺ ਨੇ ਜਵਾਬ ਵਿੱਚ ਕਿਹਾ ਕਿ ਐ ਚਾਚੇ! ਇਹ ਗਾਲ੍ਹਾਂ ਨਹੀਂ ਹਨ ਬਲਕਿ ਸੱਚਾਈ ਦਾ ਇਜ਼ਹਾਰ ਅਤੇ ਹਕ਼ੀਕ਼ਤ ਦਾ ਬਿਆਨ ਹੈ ਅਤੇ ਇਹੀ ਤਾਂ ਉਹ ਕੰਮ ਹੈ ਜਿਸ ਦੇ ਲਈ ਮੈਂ ਭੇਜਿਆ ਗਿਆ ਹਾਂ। ਜੇਕਰ ਇਸ ਕਾਰਨ ਮੈਨੂੰ ਮਰਨਾ ਦਰਪੇਸ਼ ਹੈ ਤਾਂ ਮੈਂ ਖ਼ੁਸ਼ੀ ਨਾਲ਼ ਆਪਣੇ ਲਈ ਇਸ ਮੌਤ ਨੂੰ ਕ਼ਬੂਲ ਕਰਦਾ ਹਾਂ। ਮੇਰੀ ਜ਼ਿੰਦਗੀ ਇਸੇ ਰਾਹ ਵਿੱਚ ਵਕ਼ਫ਼ ਹੈ। ਮੈਂ ਮੌਤ ਦੇ ਡਰ ਤੋਂ ਸੱਚਾਈ ਦੇ ਇਜ਼ਹਾਰ ਤੋਂ ਰੁਕ ਨਹੀਂ ਸਕਦਾ ਅਤੇ ਐ ਚਾਚੇ! ਜੇਕਰ ਤੈਨੂੰ ਆਪਣੀ **ਕਮਜ਼ੋਰੀ** ਅਤੇ ਆਪਣੀ **ਤਕਲੀਫ਼** ਦਾ ਖ਼ਿਆਲ ਹੈ ਤਾਂ ਤੂੰ ਮੈਨੂੰ ਪਨਾਹ ਵਿੱਚ ਰੱਖਣ ਤੋਂ ਹੱਥ ਪਿੱਛੇ ਖਿੱਚ ਲੈ। **ਬ-ਖ਼ੁਦਾ!** (ਖ਼ੁਦਾ ਦੀ ਕ਼ਸਮ) ਮੈਨੂੰ ਤੇਰੀ ਕੋਈ ਲੋੜ ਨਹੀਂ। ਮੈਂ ਅੱਲਾਹ ਤਆਲਾ ਦੇ ਹੁਕਮਾਂ ਨੂੰ ਪਹੁੰਚਾਉਣ ਤੋਂ ਕਦੀ ਨਹੀਂ ਰੁਕਾਂਗਾ। ਮੈਨੂੰ ਆਪਣੇ ਮੌਲਾ ਦੇ ਹੁਕਮ ਜਾਨ ਤੋਂ ਵੀ ਜ਼ਿਆਦਾ ਪਿਆਰੇ ਹਨ। ਖ਼ੁਦਾ ਦੀ ਕ਼ਸਮ ਜੇਕਰ ਮੈਂ ਇਸ ਰਾਹ ਵਿੱਚ ਮਾਰਿਆ ਜਾਵਾਂ ਤਾਂ ਚਾਹੁੰਦਾ ਹਾਂ ਕਿ ਫਿਰ ਵਾਰ-ਵਾਰ ਜਿਉਂਦਾ ਹੋ ਕੇ ਹਮੇਸ਼ਾ ਇਸੇ ਰਾਹ ਵਿੱਚ ਮਰਦਾ ਰਹਾਂ। ਇਹ ਖ਼ੌਫ਼ ਦੀ ਜਗ੍ਹਾ ਨਹੀਂ ਬਲਕਿ ਮੈਨੂੰ ਇਸ ਵਿੱਚ ਬੇ-ਇੰਤਿਹਾ ਲੱਜ਼ਤ ਹੈ ਕਿ ਉਸ ਦੇ ਰਾਹ ਵਿੱਚ ਦੁੱਖ ਉਠਾਵਾਂ। ਨਬੀ ਕਰੀਮ ﷺ ਇਹ ਤਕ਼ਰੀਰ ਕਰ ਰਹੇ ਸਨ ਅਤੇ ਚਿਹਰੇ 'ਤੇ **ਸੱਚਾਈ** ਅਤੇ **ਨੂਰ** ਨਾਲ਼ ਭਰੀ ਹੋਈ ਰਿੱਕ਼ਤ ਜ਼ਾਹਿਰ ਹੋ ਰਹੀ ਸੀ ਅਤੇ ਜਦ ਨਬੀ ਕਰੀਮ ﷺ ਤਕ਼ਰੀਰ ਖ਼ਤਮ ਕਰ ਚੁੱਕੇ ਤਾਂ ਹੱਕ਼ ਦੀ ਰੌਸ਼ਨੀ ਦੇਖ ਕੇ ਬੇ-ਇਖ਼ਤਿਆਰ ਅਬੂ ਤਾਲਿਬ ਦੇ ਅੱਥਰੂ ਜਾਰੀ ਹੋ ਗਏ ਅਤੇ ਕਿਹਾ ਕਿ ਮੈਂ ਤੇਰੀ ਇਸ ਉੱਚੀ ਹਾਲਤ ਤੋਂ ਬੇ-ਖ਼ਬਰ ਸੀ। ਤੂੰ ਹੋਰ ਹੀ ਰੰਗ ਵਿੱਚ ਅਤੇ ਹੋਰ ਹੀ ਸ਼ਾਨ ਵਿੱਚ ਹੈਂ। **ਜਾ!** ਆਪਣੇ ਕੰਮ ਵਿੱਚ ਲੱਗਾ ਰਹਿ ਜਦ ਤੱਕ ਮੈਂ ਜਿਉਂਦਾ ਹਾਂ, ਜਿੱਥੇ ਤੱਕ ਮੇਰੀ ਤਾਕ਼ਤ ਹੈ, ਮੈਂ ਤੇਰਾ ਸਾਥ ਦਵਾਂਗਾ।

ਇਸੇ ਤਰ੍ਹਾਂ ਤਾਇਫ਼ ਤੋਂ ਵਾਪਸੀ 'ਤੇ ਨਬੀ ਕਰੀਮ ﷺ ਦੇ ਵਿਸ਼ਵਾਸ ਦਾ ਇੱਕ ਵਾਕ਼ਿਆ ਹੈ। ਆਪ ﷺ ਇਕੱਲੇ ਸਨ। ਤਾਇਫ਼ ਦੇ ਸਰਦਾਰਾਂ ਨੂੰ ਤਬਲੀਗ਼ ਦੇ ਲਈ ਨਿਕਲੇ ਸਨ ਜਿਨ੍ਹਾਂ ਨੇ ਜ਼ੁਲਮ ਦੀ ਇੰਤਿਹਾ ਕੀਤੀ। ਵਾਪਸ ਆਉਂਦੇ ਹੋਏ ਬ-ਜ਼ਾਹਿਰ ਮੱਕੇ ਵਿੱਚ ਦਾਖ਼ਿਲ ਹੋਣ ਦੀ ਕੋਈ ਸੂਰਤ ਨਹੀਂ ਸੀ। ਇੱਕ ਸੇਵਾਦਾਰ ਨਾਲ਼ ਸੀ ਅਤੇ ਸੇਵਾਦਾਰ ਪਰੇਸ਼ਾਨ ਸੀ ਕਿ ਹੁਣ ਕੀ ਹੋਵੇਗਾ ਪਰ ਆਪ ﷺ ਨੂੰ ਆਪਣੇ ਰੱਬ 'ਤੇ ਪੂਰਾ **ਯਕ਼ੀਨ** ਅਤੇ ਪੂਰਾ **ਵਿਸ਼ਵਾਸ** ਸੀ।

ਚੁਨਾਂਚਿ ਇਸ ਦਾ ਜ਼ਿਕਰ ਕਰਦੇ ਹੋਏ ਉਹੀ ਸੇਵਾਦਾਰ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ਿਯੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਜਦ ਮੈਂ ਆਪ ﷺ ਦੀ ਖ਼ਿਦਮਤ ਵਿੱਚ ਇਹ ਅਰਜ਼ ਕੀਤਾ ਕਿ ਐ ਅੱਲਾਹ ਦੇ ਰਸੂਲ! ਹੁਣ ਆਪ ﷺ ਮੱਕੇ ਵਿੱਚ ਕਿਵੇਂ ਦਾਖ਼ਿਲ ਹੋਵੋਗੇ ਜਦਕਿ ਉਹ ਆਪ ﷺ ਨੂੰ ਕੱਢ ਚੁੱਕੇ ਹਨ ਤਾਂ ਨਬੀ ਕਰੀਮ ﷺ ਨੇ ਕਿਸ ਵਿਸ਼ਵਾਸ ਨਾਲ਼ ਜਵਾਬ ਦਿੱਤਾ ਕਿ ਐ ਜ਼ੈਦ! ਤੂੰ ਦੇਖੇਂਗਾ ਕਿ ਅੱਲਾਹ ਤਆਲਾ ਜ਼ਰੂਰ ਕੋਈ ਰਾਹ ਕੱਢ ਦੇਵੇਗਾ। ਅੱਲਾਹ ਤਆਲਾ ਆਪਣੇ ਦੀਨ ਦਾ **ਮਦਦਗਾਰ** ਹੈ। ਉਹ ਆਪਣੇ ਨਬੀ ਨੂੰ **ਗ਼ਾਲਿਬ** ਕਰਕੇ ਰਹੇਗਾ। ਚੁਨਾਂਚਿ ਨਬੀ ਕਰੀਮ ﷺ ਨੇ ਕ਼ੁਰੈਸ਼ ਦੇ ਸਰਦਾਰਾਂ ਨੂੰ ਪੈਗ਼ਾਮ ਭਿਜਵਾਏ ਕੇ ਆਪ ﷺ ਨੂੰ ਆਪਣੀ ਪਨਾਹ ਵਿੱਚ ਲੈ ਕੇ ਮੱਕੇ ਵਿੱਚ ਦਾਖ਼ਲੇ ਦਾ ਇੰਤਿਜ਼ਾਮ ਕਰਨ। ਸਾਰੇ ਸਰਦਾਰਾਂ ਨੇ ਇਨਕਾਰ ਕਰ ਦਿੱਤਾ। ਆਖ਼ਿਰ ਇੱਕ ਸ਼ਰੀਫ਼ ਸਰਦਾਰ ਮੁਤਇਮ ਬਿਨ ਅਦੀ ਨੇ ਆਪ ﷺ ਨੂੰ ਆਪਣੀ ਪਨਾਹ ਵਿੱਚ ਮੱਕੇ ਵਿੱਚ ਦਾਖ਼ਿਲ ਕਰਨ ਦਾ ਐਲਾਨ ਕੀਤਾ।

ਨਬੀ ਕਰੀਮ ﷺ ਦਾ ਹਿਜਰਤ ਦੇ ਮੌਕ਼ੇ 'ਤੇ **ਤਵੱਕੁਲ ਅਲੱਲਾਹ** (ਅਲਾਹ ਤਆਲਾ 'ਤੇ ਵਿਸ਼ਵਾਸ) ਦਾ ਨਮੂਨਾ ਕੀ ਸੀ। ਨਬੀ ਕਰੀਮ ﷺ ਨੂੰ ਜਦ ਹਿਜਰਤ ਦੀ ਇਜਾਜ਼ਤ ਮਿਲ਼ੀ ਤਾਂ ਆਪ ﷺ ਨੇ ਹਜ਼ਰਤ ਅਲੀ ਰਜ਼ਿਯੱਲਾਹੁ ਅਨਹੁ ਨੂੰ ਆਪਣੇ ਹਿਜਰਤ ਦੇ ਪ੍ਰੋਗਰਾਮ ਤੋਂ ਅਗਾਹ ਕਰਦੇ ਹੋਏ ਉਨ੍ਹਾਂ ਦੇ ਸਪੁਰਦ ਇੱਕ ਜਾਨ ਕ਼ੁਰਬਾਨ ਕਰਨ ਵਾਲ਼ਾ ਕੰਮ ਇਹ ਕੀਤਾ ਕਿ ਅੱਜ ਰਾਤ ਉਹ ਨਬੀ ਕਰੀਮ ﷺ ਦੇ ਮੁਬਾਰਕ ਬਿਸਤਰੇ 'ਤੇ ਹੀ ਸੌਣ। ਇੱਕ ਰਿਵਾਇਤ ਦੇ ਮੁਤਾਬਿਕ਼

ਲਾਲ ਰੰਗ ਦੀ **ਹਜ਼ਰਮੀ** ਚਾਦਰ ਲੈ ਕੇ ਸੌਂ ਗਏ ਜਿਹੜੀ ਨਬੀ ਕਰੀਮ ﷺ ਖ਼ੁਦ ਲੈ ਕੇ ਸੌਇਆ ਕਰਦੇ ਸਨ ਅਤੇ ਆਪਣੇ ਇਸ ਜਾਨ ਕ਼ੁਰਬਾਨ ਕਰਨ ਵਾਲ਼ੇ ਫ਼ਿਦਾਈ ਸੇਵਾਦਾਰ ਨੂੰ ਖ਼ੁਦਾਈ ਮਦਦ ਅਤੇ ਨੁਸਰਤ ਦਾ ਯਕ਼ੀਨ ਦਵਾਉਂਦੇ ਹੋਏ ਆਪ ﷺ ਨੇ ਕਿਹਾ ਕਿ ਫ਼ਿਕਰ ਨਾ ਕਰ ਅਤੇ ਬੜੇ ਆਰਾਮ ਨਾਲ਼ ਮੇਰੇ ਬਿਸਤਰੇ ‘ਤੇ ਸੁੱਤਾ ਰਹਿ, ਦੁਸ਼ਮਣ ਤੇਰਾ **ਵਾਲ਼** ਵੀ ਵਿੰਗਾ ਨਹੀਂ ਕਰ ਸਕਦਾ।

ਇਸ ਦੇ ਬਾਅਦ ਨਬੀ ਕਰੀਮ ﷺ ਆਪਣੇ ਘਰੋਂ ਬਾਹਰ ਤਸ਼ਰੀਫ਼ ਲਿਆਏ ਜਦਕਿ ਮੱਕੇ ਦੇ ਕਾਫ਼ਿਰਾਂ ਦੇ ਚੁਨਿੰਦਾ ਬਹਾਦੁਰ ਜਿਨ੍ਹਾਂ ਦੀਆਂ ਅੱਖਾਂ ਵਿੱਚ ਗੋਇਆ **ਲਹੂ** ਉਤਰਿਆ ਹੋਇਆ ਸੀ। ਉਹ ਤਲਵਾਰਾਂ ਹੱਥ ਵਿੱਚ ਲੈ ਕੇ ਐਨ ਨਬੀ ਕਰੀਮ ﷺ ਦੇ ਘਰ ਦੇ ਬਾਹਰ ਪਹਿਰਾ ਦੇ ਰਹੇ ਸਨ ਕਿ ਕਦ ਰਾਤ ਗਹਿਰੀ ਹੋਵੇ ਅਤੇ ਅਸੀਂ ਧਾਵਾ ਬੋਲ ਕੇ ਇੱਕ ਹੀ ਵਾਰ ਵਿੱਚ ਨਬੀ ਕਰੀਮ ﷺ ਨੂੰ ਗੋਇਆ ਕ਼ਤਲ ਕਰ ਦਈਏ **ਨਊਜ਼ੁਬਿੱਲਾਹ੍** ਅਤੇ ਅਬੂ ਜਹਲ ਜਿਹੜਾ ਕਿ ਗੋਇਆ ਉਨ੍ਹਾਂ ਦਾ ਸਰਗ਼ਨਾ ਸੀ, ਬੜੀ **ਹਉਮੈ** ਅਤੇ **ਮਖੌਲ** ਨਾਲ਼ ਇਹ ਕਹਿ ਰਿਹਾ ਸੀ ਕਿ ਮੁਹੰਮਦ (ﷺ) ਇਹ ਕਹਿੰਦਾ ਹੈ ਕਿ ਜੇਕਰ ਤੁਸੀਂ ਉਸ ਦੇ ਮਾਮਲੇ ਵਿੱਚ ਉਸ ਦੀ ਪੈਰਵੀ ਕਰੋਗੇ ਤਾਂ ਤੁਸੀਂ ਅਰਬ ਅਤੇ ਅਜਮ ਦੇ ਬਾਦਸ਼ਾਹ ਬਣ ਜਾਓਗੇ ਫਿਰ ਤੁਸੀਂ ਆਪਣੀ ਮੌਤ ਦੇ ਬਾਅਦ ਉਠਾਏ ਜਾਓਗੇ ਤਾਂ ਤੁਹਾਡੇ ਲਈ ਉਰਦਨ ਦੇ ਬਾਗ਼ਾਂ ਦੀ ਤਰ੍ਹਾਂ ਬਾਗ਼ ਬਣਾਏ ਜਾਣਗੇ ਅਤੇ ਜੇਕਰ ਤੁਸੀਂ ਅਜਿਹਾ ਨਹੀਂ ਕਰੋਗੇ ਤਾਂ ਤੁਹਾਡੇ ਦਰਮਿਆਨ ਕ਼ਤਲੋ ਗ਼ਾਰਤ ਹੋਵੇਗੀ।

ਆਪ ﷺ ਬਾਹਰ ਨਿਕਲ਼ੇ ਅਤੇ ਫ਼ਰਮਾਇਆ ਕਿ **ਹਾਂ!** ਅਜਿਹਾ ਹੀ ਮੈਂ ਕਹਿੰਦਾ ਹਾਂ ਅਤੇ ਸੂਰਤ ਯਾ-ਸੀਨ੍ ਦੀ ਆਯਤ 02 ਤੋਂ ਲੈ ਕੇ 10 ਤੱਕ ਪੜ੍ਹਦੇ ਹੋਏ ਅਤੇ ਉਨ੍ਹਾਂ ਦੇ ਸਿਰਾਂ ‘ਚ ਖੇਹ ਪਾਉਂਦੇ ਹੋਏ ਉਨ੍ਹਾਂ ਦੇ ਸਾਹਮਣਿਓਂ ਨਿਕਲ਼ ਗਏ। ਪਰ ਖ਼ੁਦਾ ਦੀ ਕੁਦਰਤ ਕਿ ਆਪ ﷺ ਜਾਂਦੇ ਹੋਏ ਕਿਸੇ ਨੂੰ ਵੀ ਦਿਖਾਈ ਨਾ ਦਿੱਤੇ ਬਲਕਿ ਉਹ ਲੋਕ ਵਿੱਚੋਂ-ਵਿੱਚੋਂ ਅੰਦਰ ਝਾਕ ਕੇ ਦੇਖ ਲੈਂਦੇ ਅਤੇ **ਤਸੱਲੀ** ਕਰ ਲੈਂਦੇ ਕਿ ਮੁਹੰਮਦ (ﷺ) ਆਪਣੇ ਬਿਸਤਰੇ ‘ਤੇ ਹੀ ਹੈ।

ਖ਼ੁਤਬੇ ਦੇ ਆਖ਼ਿਰ ‘ਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਿਜਰਤ ਦੇ ਵਾਕ਼ੇ ਅਤੇ ਆਪ ﷺ ਦੇ ਵਿਸ਼ਵਾਸ ਅਤੇ ਜੁਰਅਤ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਸਿੱਦੀਕ਼ ਦਾ ਸਿਦਕ਼ ਉਸ ਅੱਗ ਦੇ ਵੇਲ਼ੇ ਜ਼ਾਹਿਰ ਹੋਇਆ ਜਦ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦਾ ਘੇਰਾ ਕੀਤਾ ਗਿਆ.....ਅਜਿਹੀ ਹਾਲਤ ਵਿੱਚ ਹਜ਼ਰਤ ਅਬੂ ਬਕਰ ਨੇ ਆਪਣੇ ਸਿਦਕ਼ ਅਤੇ ਵਫ਼ਾ ਦਾ ਉਹ ਨਮੂਨਾ ਦਿਖਾਇਆ ਜਿਹੜਾ ਹਮੇਸ਼ਾ ਹਮੇਸ਼ ਤੱਕ ਦੇ ਲਈ ਨਮੂਨਾ ਰਹੇਗਾ.....ਦੁਸ਼ਮਣ ਗ਼ਾਰ ‘ਤੇ ਮੌਜੂਦ ਹਨ ਅਤੇ ਵੱਖ ਵੱਖ ਕ਼ਿਸਮਾਂ ਦੀ **ਰਾਏ** ਕਰ ਰਹੇ ਹਨ, ਕੁੱਝ ਕਹਿੰਦੇ ਹਨ ਕਿ ਇਸ ਗ਼ਾਰ ਦੀ ਤਲਾਸ਼ੀ ਕਰੋ ਕਿਉਂਕਿ ਪੈਰਾਂ ਦੇ **ਨਿਸ਼ਾਨ** ਇੱਥੋਂ ਤੱਕ ਹੀ ਆ ਕੇ ਖ਼ਤਮ ਹੋ ਜਾਂਦੇ ਹਨ ਪਰ ਉਨ੍ਹਾਂ ਵਿੱਚੋਂ ਕੁੱਝ ਕਹਿੰਦੇ ਹਨ ਕਿ ਇੱਥੇ ਇਨਸਾਨ ਦਾ ਲੰਘਣਾ ਅਤੇ ਦਾਖ਼ਿਲ ਹੋਣਾ ਕਿੱਦਾਂ ਹੋ ਸਕਦਾ ਹੈ? ਮੱਕੜੀ ਨੇ **ਜਾਲ਼ਾ** ਤਣਿਆ ਹੋਇਆ ਹੈ, ਕਬੂਤਰ ਨੇ **ਆਂਡੇ** ਦਿੱਤੇ ਹੋਏ ਹਨ। ਇਸ ਕ਼ਿਸਮ ਦੀਆਂ ਗੱਲਾਂ ਦੀਆਂ ਆਵਾਜ਼ਾਂ ਅੰਦਰ ਪਹੁੰਚ ਰਹੀਆਂ ਸਨ ਅਤੇ ਨਬੀ ਕਰੀਮ ﷺ ਬੜੀ ਸਫ਼ਾਈ ਨਾਲ਼ ਉਨ੍ਹਾਂ ਨੂੰ ਸੁਣ ਰਹੇ ਸਨ। ਅਜਿਹੀ ਹਾਲਤ ਵਿੱਚ ਦੁਸ਼ਮਣ ਆਏ ਸਨ ਕਿ ਉਹ ਖ਼ਾਤਮਾ ਕਰਨਾ ਚਾਹੁੰਦੇ ਸਨ ਅਤੇ ਪਾਗਲਾਂ ਦੀ ਤਰ੍ਹਾਂ ਵਧਦੇ ਆਉਂਦੇ ਸਨ ਪਰ ਆਪ ﷺ ਦੀ ਬਹਾਦੁਰੀ ਤਾਂ ਦੇਖੋ ਕਿ ਦੁਸ਼ਮਣ ਸਿਰ ‘ਤੇ ਹੈ ਅਤੇ ਆਪ ﷺ ਆਪਣੇ ਸੱਚੇ ਦੋਸਤ ਨੂੰ ਫ਼ਰਮਾਉਂਦੇ ਹਨ لَا تَحْزَنْ إِنَّ اللهَ مَعَنَا ਇਹ ਅਲਫ਼ਾਜ਼ ਬੜੀ ਸਫ਼ਾਈ ਦੇ ਨਾਲ਼ ਜ਼ਾਹਿਰ ਕਰਦੇ ਹਨ ਕਿ ਆਪ ﷺ ਨੇ ਜ਼ੁਬਾਨ ਨਾਲ਼ ਹੀ ਫ਼ਰਮਾਇਆ ਕਿਉਂਕਿ ਇਹ ਆਵਾਜ਼ ਨੂੰ ਚਾਹੁੰਦੇ ਹਨ, ਇਸ਼ਾਰੇ ਨਾਲ਼ ਕੰਮ ਨਹੀਂ ਚੱਲਦਾ। ਬਾਹਰ ਦੁਸ਼ਮਣ ਰਾਏ ਕਰ ਰਹੇ ਹਨ ਅਤੇ ਅੰਦਰ ਗ਼ਾਰ ਵਿੱਚ **ਖ਼ਾਦਿਮ** ਅਤੇ **ਮਖ਼ਦੂਮ** ਵੀ ਗੱਲਾਂ ਵਿੱਚ ਲੱਗੇ ਹੋਏ ਹਨ। ਇਸ ਗੱਲ ਦੀ ਪਰਵਾਹ ਨਹੀਂ ਕੀਤੀ ਗਈ ਕਿ ਦੁਸ਼ਮਣ ਆਵਾਜ਼ ਸੁਣ ਲੈਣਗੇ। ਇਹ ਅੱਲਾਹ ਤਆਲਾ ‘ਤੇ ਉੱਚੇ ਦਰਜੇ ਦਾ ਈਮਾਨ ਅਤੇ ਮਅਰਿਫ਼ਤ ਦਾ ਸਬੂਤ ਹੈ।ਖ਼ੁਦਾ ਤਆਲਾ ਦੇ ਵਾਦਿਆਂ ‘ਤੇ ਪੂਰਾ ਭਰੋਸਾ ਹੈ। اَللّٰهُمَّ صَلِّ عَلٰى مُحَمَّدٍ وَّبَارِكْ وَسَلِّمْ

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ اَنْ لَّآ اِلٰهَ اِلَّا اللّٰهُ وَحْدَهٗ لَا شَرِيْكَ لَهٗ وَنَشْهَدُ اَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ ۞